Roll No. ........................ Total Pages : 7

# 13896/NH

**B/2111**

## ਪੰਜਾਬੀ ਸਾਹਿਤ (ਚੋਣਵਾਂ)

Semester–III

(Private and DE)

Time Allowed : 3 Hours] [Maximum Marks : 100

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

### ਭਾਗ–ੳ

1. ਹੇਠ ਲਿਖੀਆਂ ਵਿਚੋਂ ਕਿਸੇ **ਇਕ** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ: 12

(ੳ) ਸੱਸੀ ਪੁੰਨੂੰ (ਹਾਸ਼ਮ)

(ਅ) ਜੰਗ ਹਿੰਦ-ਪੰਜਾਬ (ਸ਼ਾਹ ਮੁਹੰਮਦ)

(ੲ) ਸੀ-ਹਰਫੀ ਹੀਰ (ਫ਼ਜਲ ਸ਼ਾਹ)।



2. ਹੇਠ ਲਿਖੀਆਂ ਵਿਚੋਂ ਕਿਸੇ **ਇਕ** ਕਾਵਿ-ਟੁਕੜੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 10

(ੳ) ਐ ਬੀਬੀ ਡਰ ਖੌਫ ਖੁਦਾ ਦੀਂ,
ਨਾ ਕਰ ਹੀਲਾ ਸਾਜ਼ੀ।
ਅਸੀਂ ਲੋਕ ਹਕੀਕਤ ਵਾਲੇ,
ਤੇਰਾ ਇਸ਼ਕ ਮਿਜਾਜੀ।

(ਅ) ਇੰਦ੍ਰ ਪੁਰੀ ਤੇ ਧਾਵਣਾ, ਵਡ ਜੋਧੀਂ ਮਤਾ ਪਕਾਇਆ॥
ਸੰਕ ਪਟੇਲਾ ਪਾਖਰਾ, ਭੇੜ ਸੰਦਾ ਸਾਜ਼ ਬਣਾਇਆ॥
ਜੰਮੇ ਕਟਕ ਅਛੂਹਣੀ, ਅਸਮਾਨ ਗਰਦੀ ਛਾਇਆ॥
ਰੋਹ ਸੁੰਭ ਨਿਸੁੰਭ ਸਿਧਾਇਆ।

(ੲ) ਪਹਿਲਾਂ ਰਾਜੇ ਨੇ ਖੂਨ ਦਾ ਲਾਇ ਟਿੱਕਾ
ਪਿਛੋਂ ਦਿੱਤੀਆਂ ਸੱਤ ਪ੍ਰਦੱਖਣਾ ਵੀ।
ਤੇਰੇ ਵਾਸਤੇ ਹੋਏ ਨੀ ਸਭ ਕਾਰੇ
ਅੱਗੇ ਸਾਹਿਬ ਸੱਚੇ ਤੈਨੂੰ ਰੱਖਣਾ ਵੀ।

ਸਾਨੂੰ ਅੜੀ ਕੀ ਕੁਝ ਉਮੈਦ ਨਾਹੀਂ,

ਅੱਜ ਰਾਤ ਪ੍ਰਸਾਦ ਕਿਨ ਚੱਖਣਾ ਵੀ।

ਤੇਰੇ ਵੱਲ ਜੋ ਕਰੇਗਾ ਨਜ਼ਰ ਮੰਦੀ

ਸ਼ਾਹ ਮੁਹੰਮਦਾ ਰਹੇਗਾ ਸੱਖਣਾ ਵੀ।

3. ਹੇਠ ਲਿਖੀਆਂ ਵਿਚੋਂ ਕਿਸੇ **ਇਕ** ਕਹਾਣੀ ਦਾ ਸਾਰ ਜਾਂ ਵਿਸ਼ਾ-ਵਸਤੂ ਲਿਖੋ: 12

(ੳ) ਓਪਰੀ ਧਰਤੀ

(ਅ) ਹਵਾ

(ੲ) ਬੇਰ ਵਰਗਾ ਫ਼ੁੱਲ।

4. ਹੇਠ ਲਿਖੇ ਸੰਕਲਪਾਂ ਵਿਚੋਂ ਕਿਸੇ **ਦੋ** ਉਪਰ ਵਿਸਥਾਰ ਪੂਰਵਕ ਨੋਟ ਲਿਖੋ: 7×2=14

(ੳ) ਵਿਰੇਚਨ



(ਅ) ਰੁਮਾਂਸਵਾਦ

(ੲ) ਪ੍ਰਤੀਕ

(ਸ) ਬਿੰਬ।

**ਭਾਗ-ਅ**

5. ਵਾਰ ਕਾਵਿ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੀਆਂ ਵਿਸ਼ੇਸ਼ਤਾਵਾਂ ਤੇ ਨੋਟ ਲਿਖੋ।

**ਜਾਂ**

ਵਾਰ ਕਾਵਿ ਦੇ ਵਿਕਾਸ ਉੱਪਰ ਵਿਸਥਾਰ ਪੂਰਵਕ ਨੋਟ ਲਿਖੋ। 12

**ਭਾਗ-ੲ**

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਓ: 20×2=40

(i) 'ਚੰਡੀ ਦੀ ਵਾਰ' ਕਿਸ ਪ੍ਰਾਚੀਨ ਰਚਨਾ ਨੂੰ ਆਧਾਰ ਬਣਾ ਕੇ ਰਚੀ ਗਈ ਹੈ?

(ii) 'ਅਠਵਾਰਾਂ' ਤੋਂ ਕੀ ਭਾਵ ਹੈ?

(iii) ਬੁੱਲੇ ਸ਼ਾਹ ਨੇ ਕੁੱਝ ਕਿੰਨੀਆਂ ਕਾਫੀਆਂ ਰਚੀਆਂ?

(iv) ਹੇਠ ਲਿਖੇ ਸ਼ਬਦਾਂ ਦੇ ਅਰਥ ਦੱਸੋ:

ਤੁਰਮਾਮ, ਜਾਲਣਾ, ਪੱਤੀ।

(v) ਸ਼ਾਹ ਮੁਹੰਮਦ ਦਾ ਜਨਮ ਕਦੋਂ ਅਤੇ ਕਿਥੇ ਹੋਇਆ?

(vi) ਵਾਰਿਸ ਸ਼ਾਹ ਦਾ ਇਸ਼ਕ ਕਿਸ ਨਾਲ ਹੋਇਆ?

(vii) ਸ਼ਾਹ ਮੁਹੰਮਦ ਦੇ ਜੰਗਨਾਮੇ ਅਨੁਸਾਰ ਸਿੱਖ ਰਾਜ ਦੀ ਤਬਾਹੀ ਦਾ ਜ਼ਿੰਮੇਵਾਰ ਕੋਣ ਹੈ?

(viii) ਫਜਲ ਸ਼ਾਹ ਦੇ ਗੁਰੂ ਦਾ ਕੀ ਨਾਮ ਸੀ?

(ix) 'ਬਾਕੀ ਸਭ ਸੁਖ ਸਾਂਦ ਹੈ' ਕਹਾਣੀ ਦੇ ਦੋ ਮਰਦ ਪਾਤਰਾਂ ਦੇ ਨਾਮ ਲਿਖੋ।



(x) 'ਕਥਾ ਸੰਸਾਰ' ਪੁਸਤਕ ਵਿਚ ਹਰਭਜਨ ਸਿੰਘ ਦੀ ਕਿਹੜੀ ਕਹਾਣੀ ਸ਼ਾਮਲ ਹੈ?

(xi) ਕੁਲਵੰਤ ਸਿੰਘ ਵਿਰਕ ਨੂੰ ਸਾਹਿਤ ਅਕੈਡਮੀ ਦਾ ਐਵਾਰਡ ਉਸਦੀ ਕਿਸ ਰਚਨਾ ਤੇ ਮਿਲਿਆ?

(xii) 'ਦੋ ਮਿੰਟ ਹੋਰ ਰੁਕ ਜਾ' ਕਹਾਣੀ ਦੇ ਪਾਤਰ ਸੋਮੇ ਦੀ ਕੀ ਸਮੱਸਿਆ ਹੈ?

(xiii) 'ਬੇਰ ਵਰਗਾ ਫਲ' ਕਹਾਣੀ ਦੀਆਂ ਇਸਤਰੀ ਪਾਤਰਾਂ ਦੇ ਨਾਮ ਲਿਖੋ।

(xiv) ਬਲਜਿੰਦਰ ਨਸਰਾਲੀ ਦੀ ਕਹਾਣੀ 'ਹੱਡਾ ਰੋੜੀ' ਦੇ ਸਿਰਲੇਖ ਬਾਰੇ ਚਾਰ ਸਤਰਾਂ ਲਿਖੋ।

(xv) 'ਬਾਕੀ ਸਭ ਸੁੱਖ ਸਾਂਦ ਹੈ' ਕਹਾਣੀ ਦੀ ਪਾਤਰ ਹਰ ਕੁਰ ਨੇ ਚਿੱਠੀ ਵਿਚ ਆਖਰੀ ਵਾਕ ਕੀ ਲਿਖਵਾਇਆ?

(xvi) 'ਮਿੱਥ' ਕੀ ਹੁੰਦੀ ਹੈ?

(xvii) 'ਸ਼ੈਲੀ' ਦੀ ਪਰਿਭਾਸ਼ਾ ਦਿਓ।

(xviii) 'ਅਨੁਕਰਨ' ਦਾ ਸਿਧਾਂਤ ਦੇਣ ਵਾਲੇ ਚਿੰਤਕ ਦਾ ਨਾਮ ਲਿਖੋ।

(xix) ਪੰਜਾਬੀ ਦੀ ਕਿਸੇ ਦੋ ਵਾਰ ਕਵੀਆਂ ਦੇ ਨਾਮ ਲਿਖੋ।

(xx) ਵਾਰ ਕਾਵਿ ਦਾ ਸੰਬੰਧ ਮਨੁੱਖ ਦੇ ਕਿਹੜੇ ਭਾਵਾਂ ਨਾਲ ਹੈ?